# ਕਰੋਨਾ ਮਹਾਮਾਰੀ ਦੇ ਦੌਰ ਵਿਚ ਗੁਰਬਾਣੀ ਰਾਹੀਂ ਸਹਜ ਦੀ ਟੇਕ

**ਸੁਨੀਲ ਕੁਮਾਰ**
ਗੁਰੂ ਰਵਿਦਾਸ ਚੇਅਰ ਆਫ ਸੰਤ ਸਾਹਿਤਯ ਸਟੱਡੀਜ਼
ਪੀ. ਯੂ ਚੰਡੀਗੜ੍ਹ

ਮੌਜੂਦਾ ਸਮੇਂ ਵਿਚ ਸੰਸਾਰ ਪੱਧਰ ਤੇ ਲੋਕਾਂ ਵਿਚ ਡਰ, ਸਹਿਮ, ਚਿੰਤਾ ਦਾ ਮਾਹੌਲ ਹੈ।ਇਸ ਡਰ, ਸਹਿਮ, ਚਿੰਤਾ ਦਾ ਕਾਰਨ ਭਾਵੇਂ ਕਰੋਨਾ ਬਿਮਾਰੀ ਹੈ ਪਰ ਇਸ ਬਿਮਾਰੀ ਨਾਲ ਮਨੁੱਖ ਦੀ ਅਸਲ ਤਸਵੀਰ ਸਾਡੇ ਸਾਹਮਣੇ ਆ ਖਲੋਤੀ ਹੈ।ਲਹੂ ਦੇ ਰਿਸ਼ਤੇ ਵੀ ਚਿੱਟੇ ਲਹੂ ਜਿਹੇ ਜਾਪਦੇ ਹਨ।ਸਾਡੇ ਰਸਮੋਂ-ਰਿਵਾਜਾਂ ਵਿਚ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਮਨੁੱਖ ਨੂੰ ਉਸ ਦੇ ਮਰਨ ਤੋਂ ਬਾਅਦ ਵੀ ਲੰਮਾ ਸਮਾਂ ਲੋਕ ਚੇਤਿਆਂ ਦੇ ਕਾਰ ਵਿਹਾਰਾਂ ਰਾਹੀਂ ਜੀਵਾਇਆ ਜਾਂਦਾ ਹੈ ਪਰ ਮੌਜੂਦਾ ਸਮੇਂ ਵਿਚ ਸਸਕਾਰ ਲਈ ਰੁਲਦੀਆਂ ਲੋਥਾਂ ਨੇ ਵੀ ਸਾਡੇ ਸੰਸਕਾਰਾਂ ਨੂੰ ਕਰਾਰੀ ਸੱਟ ਮਾਰੀ ਹੈ।ਖੈਰ ਸਾਡਾ ਮਕਸਦ ਇਸ ਸਮੱਸਿਆ ਦੇ ਦੌਰ ਵਿਚ ਗੁਰਬਾਣੀ ਦੀ ਟੇਕ ਰਾਹੀਂ ਸਹਜ ਪ੍ਰਾਪਤ ਕਰਨਾ ਹੈ।ਭਗਤਾਂ, ਗੁਰੂਆਂ, ਪੀਰਾਂ, ਪੈਗੰਬਰਾਂ ਦੀ ਬਾਣੀ ਸਮੇਂ ਸਮੇਂ ਤੇ ਸਾਡਾ ਮਾਰਗ ਦਰਸ਼ਨ ਕਰਦੀ ਰਹੀ ਹੈ।ਵਰਤਮਾਨ ਸਮੇਂ ਵਿਚ ਸਾਨੂੰ ਵੀ ਭਗਤਾਂ, ਗੁਰੂਆਂ, ਪੀਰਾਂ, ਪੈਗੰਬਰਾਂ ਦੀ ਬਾਣੀ ਨਾਲ ਜੁੜਨਾ ਚਾਹੀਦਾ ਹੈ।ਇਹ ਸਮਾਂ ਪਰਿਵਾਰ, ਸਮਾਜ, ਲੋਕਾਈ ਨਾਲੋਂ ਟੁਟੱਣ ਦਾ ਨਹੀਂ, ਸਗੋਂ ਜੁੜਨ ਦਾ ਹੈ।ਜੇਕਰ ਦੂਰੀ ਦੀ ਗੱਲ ਕੀਤੀ ਜਾਵੇ ਤਾਂ ਉਹ ਸਰੀਰਕ ਦੂਰੀ ਹੈ ਨਾ ਕਿ ਸਮਾਜਿਕ ਦੂਰੀ।ਭਗਤ, ਗੁਰੂ, ਪੀਰ, ਪੈਗੰਬਰ ਇਸ ਕਰਕੇ ਔਖੀ ਤੋਂ ਔਖੀ ਸਮੱਸਿਆ ਨੂੰ ਪਾਰ ਕਰ ਜਾਂਦੇ ਸਨ ਕਿਉਂਕਿ ਉਹ ਸਹਜ ਦਾ ਪੱਲਾ ਹਮੇਸ਼ਾ ਫੜੀ ਰੱਖਦੇ ਸਨ।ਅਸਲ ਵਿਚ ਸਹਜ ਹੈ ਕੀ? ਸਹਜ ਦੇ ਸੰਕਲਪ ਦੀ ਵਿਆਖਿਆ ਸ਼ੁਰੂ ਤੋਂ ਹੀ ਬਹਿਸ ਦਾ ਮਸਲਾ ਰਹੀ ਹੈ।ਇਸ ਕਰਕੇ ਭਗਤ ਕਬੀਰ ਜੀ ਫਰਮਾਉਂਦੇ ਹਨ:-

ਸਹਜ ਸਹਜ ਸਭ ਕੋਈ ਕਹੇ,
ਸਹਜ ਨ ਚੀਨੈਂ ਕੋਈ।1

ਭਾਈ ਕਾਨ੍ਹ ਸਿੰਘ ਨਾਭਾ ਸਹਜ ਦਾ ਤਾਤਪਰਯ ਦੱਸਦੇ ਹਨ 'ਅਸਲ ਪ੍ਰਕ੍ਰਿਤਿ'2 ਭਾਵ ਜੋ ਜਿਵੇਂ ਹੈ ਉਵੇਂ ਹੀ ਰਹਿਣ ਦਿੱਤਾ ਜਾਵੇ।ਜੋ ਵਸਤੂ ਸਹਜੇ ਪੈਦਾ ਹੁੰਦੀ ਹੈ ਉਸ ਵਿਚ ਮਿਠਾਸ ਵਧੇਰੇ ਹੁੰਦੀ ਹੈ।ਇਸ ਕਰਕੇ ਇਹ ਤੁੱਕ ਲੋਕਾਂ ਦੇ ਮੂੰਹਾਂ ਤੇ ਚੜ੍ਹੀ ਹੋਈ ਹੈ 'ਸਹਿਜ ਪਕੇ ਸੋ ਮੀਠਾ ਹੋਏ'।ਨਿਸ਼ਚਿਤ ਹੀ ਜਦੋਂ ਸਹਜ ਟੁੱਟਦਾ ਹੈ ਤਾਂ ਵਿਗਾੜ ਪੈਦਾ ਹੁੰਦਾ ਹੈ।ਕੁੱਝ ਵਿਦਵਾਨਾਂ ਦਾ ਇਹ ਵੀ ਮੰਨਣਾ ਹੈ ਕਿ ਕਰੋਨਾ ਬਿਮਾਰੀ ਦੇ ਪੈਦਾ ਹੋਣ ਦਾ ਕਾਰਨ ਵੀ ਪ੍ਰਕਿਰਤੀ ਅਤੇ ਮਨੁੱਖ ਵਿਚ ਪੈਦਾ ਹੋਇਆ ਅਸੰਤੁਲਨ ਹੈ ਅਤੇ ਅਸੰਤੁਲਨ ਪੈਦਾ ਕਰਨ ਵਾਲਾ ਵੀ ਮਨੁੱਖ ਹੀ ਹੈ ਹੋਰ ਕੋਈ ਨਹੀਂ।ਜੇਕਰ ਸਹਜ ਦਾ ਖੁਰਾ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਸਦੀਆਂ ਜੜ੍ਹਾਂ ਬੁੱਧ ਧਰਮ ਨਾਲ ਜਾ ਜੁੜਦੀਆਂ ਹਨ। ਰਾਹੁਲ ਸਾਂਕਰਤਿਆਇਨ ਨੇ ਮਹਾਯਾਨ ਦੇ ਅੰਤਰਗਤ ਨਰਮ ਮੰਤਰਯਾਨ ਅਤੇ ਗਰਮ ਮੰਤਰਯਾਨ ਵਿਚੋਂ ਇਸਦੇ ਪਨਪਣ ਦੇ ਸੰਕੇਤ ਦਿੱਤੇ ਹਨ।ਮੁੱਢਲੀ ਅਵਸਥਾ ਵਿਚ ਸਹਜ ਦੇ ਅਰਥਾਂ ਦੀ ਜਾਣਕਾਰੀ ਸਾਨੂੰ ਜੋਗੀਆਂ ਦੀ ਬਾਣੀ ਵਿਚੋਂ ਵੀ ਮਿਲਦੀ ਹੈ:-

ਜਹਿ ਮਨ ਪਵਨ ਨ ਸੰਚਰੈ, ਰਵਿ ਸਸਿ ਨਾਹਿ ਪਵੇਸ।
ਤਹਿ ਬੜ ਚਿਤ ਵਿਸ਼ਾਮ ਕਰ ਸਰਹੇ ਕਹੈ ਉਵੇਸ਼।3

ਨਿਸ਼ਚੇ ਹੀ ਜੋਗੀ ਉਸ ਥਾਂ ਵੱਲ ਜਾਣਾ ਲੋਚਦੇ ਸਨ ਜਿੱਥੇ ਨਾ ਹਵਾ ਚਲੱਦੀ ਹੋਵੇ ਅਤੇ ਨਾ ਹੀ ਸੂਰਜ ਅਤੇ ਚੰਨ ਦੀ ਗਤੀ ਹੋਵੇ।ਸੰਤਾਂ ਨੇ ਇਸ ਸੰਕਲਪ ਨੂੰ ਮੁੱਢੋਂ ਹੀ ਨਕਾਰ ਦਿੱਤਾ।ਸੰਤਾਂ ਨੇ ਨਾਮ

ਰੂਪੀ ਸਾਧਨਾ ਦੁਆਰਾ ਸਹਜ ਅਨੁਭਵ ਕਰਕੇ ਸਹਜ ਫਲਸਫੇ ਦਾ ਪ੍ਰਚਾਰ ਜਨ ਸਧਾਰਨ ਵਿਚ ਰਹਿ ਕ ੇਕੀਤਾ।ਗੁਰੂ ਨਾਨਕ ਦੇਵ ਜੀ ਨੇ ਵੀ ਨਾਥਾਂ ਜੋਗੀਆਂ ਨੂੰ ਭਜਨ ਬੰਦਗੀ ਗ੍ਰਹਿਸਤ ਵਿਚਰਹਿ ਕੇ ਕਰਨ ਦਾ ਉਪਦੇਸ਼ ਦਿੱਤਾ।ਇਸ ਸਮੇਂ ਵਿਚ ਸਾਨੂੰ ਜੋਗੀਆਂ ਵਾਂਗ ਲੋਕਾਈ ਨਾਲੋਂ ਟੁੱਟਣ ਦੀ ਨਹੀਂ ਸਗੋਂ ਜੁੜਨ ਦੀ ਲੋੜ ਹੈ।ਸਮਾਜ ਵਿਚ ਰਹਿ ਕੇ ਸਾਨੂੰ ਇਸ ਬਿਮਾਰੀ ਨਾਲ ਲੜਨਾ ਪਵੇਗਾ।ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥
ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ। "4

ਜਿਸ ਤਰਾਂ ਮੁਰਗਾਬੀ ਨਦੀ ਦੇ ਬਹਾਉਂਦੇ ਸਾਮ੍ਹਣੇ ਤਰਦੀ ਹੈ, ਗਿੱਲੀ ਨਹੀਂ ਹੁੰਦੀ ਅਤੇ ਜਦ ਚਾਹੁੰਦੀ ਹੈ ਪਰਾਂ ਨਾਲ ਉੱਡ ਜਾਂਦੀ ਹੈ ਅਤੇ ਕਮਲ ਦਾ ਫੁੱਲ ਪਾਣੀ ਤੋਂ ਬਾਹਰ ਹੁੰਦਾ ਹੈ ਅਤੇ ਜੜ੍ਹਾਂ ਪਾਣੀ ਦੇ ਅੰਦਰ। ਇਸੇ ਤਰਾਂ ਅਸੀ ਵੀ ਭਵਸਾਗਰ ਤੋਂ ਪਰਮਾਤਮਾ ਦੇ ਨਾਮ ਨਾਲ ਜੁੜ ਕੇ ਪਾਰ ਪਾ ਸਕਦੇ ਹਾਂ।ਭਾਵ ਦੁਨੀਆਂ ਵਿਚ ਰਹਿੰਦੇ ਹੋਏ ਵੀ ਦੁਨੀਆਂ ਦੀ ਮੈਲ ਤੋਂ ਪਰੇ ਰਹਿ ਸਕਦੇ ਹਾਂ।ਗੁਰੂ ਅਰਜਨ ਦੇਵ ਜੀ ਜਿਵੇਂ ਬ੍ਰਹਮ ਗਿਆਨੀ ਦੇ ਸਮਜਿਕ ਪ੍ਰਸਥਿਤੀਆਂ ਵਿਚ ਸਹਜ ਭਾਵੀ ਵਿਚਰਨ ਅਤੇ ਨਿਰਲੇਪ ਰਹਿਣ ਵੱਲ ਸੰਕੇਤ ਕਰਦੇ ਉਚਾਰਦੇ ਹਨ

'ਬ੍ਰਹਮ ਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥ '5

ਸਾਨੂੰ ਵੀ ਮੌਜੂਦਾ ਹਾਲਾਤਾਂ ਵਿਚ ਕਰੋਨਾ ਦੇ ਨਾਲ ਰਹਿ ਕੇ ਇਸ ਨਾਲ ਦੋ ਹੱਥ ਕਰਨੇ ਪੈਣਗੇ।ਨਾਮ ਦੀ ਓਟ ਨਾਲ ਹੀ ਅਸੀਂ ਇਸ ਔਖੀ ਘੜੀ ਵਿਚ ਇਸ ਸਮੱਸਿਆ ਤੋਂ ਨਿਜਾਤ ਪਾ ਸਕਦੇ ਹਾਂ।ਪ੍ਰਾਪਤ ਸਥਿਤੀਆਂ ਵਿਚੋਂ ਸੰਭਾਵਿਤ ਸਥਿਤੀਆਂ ਨੂੰ ਦੇਖਣ ਦੀ ਜਾਚ ਸਾਨੂੰ ਨਾਮ ਸਿਮਰਨ ਨਾਲ ਹੀ ਆ ਸਕਦੀ ਹੈ।ਭਗਤ ਕਬੀਰ ਜੀ ਇਸ ਸੰਦਰਭ ਵਿਚ ਫਰਮਾਉਂਦੇ ਹਨ:-

"ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ,
ਸਹਜ ਸੁਭਾਇ ਮੇਰਾ ਮਨੁ ਮਾਨਿਆ॥ "6

ਭਗਤੀ ਸਹਜ ਮਾਰਗ ਹੈ ਜਿਸ ਤੇ ਤੁਰਿਆ ਜਾਂਦਾ ਪਾਂਧੀ ਅੱਕਦਾ ਥੱਕਦਾ ਨਹੀਂ ਹੈ।ਜਿਸ ਤਰਾਂ ਭਗਤ ਰਾਮਧਨ ਵਿਹਾਜਨ ਦੇ ਵਪਾਰੀ ਹੁੰਦੇ ਹਨ ਉਸੇ ਤਰਾਂ ਸਾਨੂੰ ਵੀ ਵਪਾਰੀਆਂ ਵਾਂਗ ਤੁਰਨਾ ਪਏਗਾ। ਇਸ ਸਮੇਂ ਵਿਚ ਅੱਕਣ ਅਤੇ ਥੱਕਣ ਦੀ ਲੋੜ ਨਹੀਂ ਹੈ।ਫਰਕ ਸਿਰਫ ਏਨਾ ਹੈ ਕਿ ਵਪਾਰੀ ਵਪਾਰ ਲਈ ਬਾਹਰ ਜਾਂਦਾ ਹੈ ਅਤੇ ਸਾਨੂੰ ਇਹ ਲੜਾਈ ਘਰਾਂ ਵਿਚ ਹੀ ਰਹਿ ਕੇ ਲੜਨੀ ਪਵੇਗੀ।ਇਸਦੇ ਨਾਲ ਹੀ ਲੋਕਾਂ ਦੀ, ਗਰੀਬ ਗੁਰਬਿਆਂ ਦੀ ਮਦਦ ਕਰਨਾ, ਪ੍ਰੇਮ ਭਾਵ ਨਾਲ ਰਹਿਣਾ ਸਾਡਾ ਪਰਮ ਕਰਤੱਵ ਬਣ ਜਾਂਦਾ ਹੈ।ਮਨੁੱਖ ਨੂੰ ਇਹ ਗੱਲ ਸਹਜ ਹੀ ਸਮਝ ਆ ਚੁੱਕੀ ਹੈ ਕਿ ਉਹ ਭੀੜ ਦਾ ਹਿੱਸਾ ਬਣਦਾ ਜਾ ਰਿਹਾ ਸੀ ਅਤੇ ਅਸਲ ਜਰੂਰਤਾ ਤਾਂ ਉਸਦੀਆਂ ਥੋੜੀਆਂ ਹੀ ਸੀ।ਇਸ ਸੰਦਰਭ ਵਿਚ ਭਗਤ ਰਵਿਦਾਸ ਜੀ ਦਾ ਬੇਗਮਪੁਰਾ ਸ਼ਹਿਰ ਸਾਡਾ ਧਿਆਨ ਕੇਂਦਰਤ ਕਰਦਾ ਹੈ ਜਿੱਥੇ ਨਾ ਹੀ ਕੋਈ ਘਬਰਾਹਟ ਹੈ ਨਾ ਕੋਈ ਚਿੰਤਾ ਹੈ ਅਤੇ ਨਾ ਹੀ ਕੋਈ ਦੁੱਖ ਹੈ ਕਿਉਂਕਿ ਦੁੱਖਾਂ ਦਾ ਕਾਰਨ ਸਾਡੀਆਂ ਵਾਧੂ ਲੋੜਾਂ ਹਨ।ਬਿਨਾਂ ਕਿਸੇ ਸਮਾਜਿਕ ਭੇਦਭਾਵ ਤੋਂ ਰਹਿਣ ਦਾ ਰਵਿਦਾਸ ਜੀ ਦਾ ਸੰਦੇਸ਼ ਸਾਡਾ ਮਾਰਗ ਦਰਸ਼ਨ ਕਰਦਾ ਹੈ।ਜੇਕਰ ਦੁੱਖ ਹੈ ਤਾਂ ਸੁੱਖ ਵੀ ਆਉਣਗੇ। ਜੇਕਰ ਚਾਰੇ ਪਾਸੇ ਹਨੇਰ ਫੈਲਿਆ ਹੈ ਤਾਂ ਚਾਨਣ ਦੀ ਕੋਈ ਕਿਰਨ ਵੀ ਜਰੂਰ ਪੈਦਾ ਹੋਵੇਗੀ।ਜੇਕਰ ਜਿੰਦਗੀ ਦੀ ਚਾਲ ਖੜ੍ਹ ਗਈ ਹੈ ਤਾਂ ਇਹ ਹੌਲੀ ਹੌਲੀ ਪੱਟੜੀ ਤੇ ਵੀ ਆ ਜਾਵੇਗੀ ਪਰ ਇਸ ਲਈ ਸਾਨੂੰ ਸਹਜ ਦਾ ਪੱਲਾ ਫੜ੍ਹ ਕੇ ਰੱਖਣਾ ਪਵੇਗਾ।ਭਗਤ ਰਵਿਦਾਸ ਜੀ ਇਸ ਬਾਬਤ ਫਰਮਾਉਂਦੇ ਹਨ:-

"ਹਉ ਬਨਜਾਰੋ ਰਾਮ ਕੋ, ਸਹਜ ਕਰਉ ਬ੍ਯਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ, ਬਿਖੁ ਲਾਦੀ ਸੰਸਾਰਿ॥ "7

ਜਿਸ ਤਰਾਂ ਡੱਡੂ ਲਈ ਖੂਹ ਤੋਂ ਇਲਾਵਾ ਹੋਰ ਕੋਈ ਸੰਸਾਰ ਨਹੀਂ ਹੁੰਦਾ ਹੈ। ਉਸੇ ਤਰਾਂ ਮਨੁੱਖ ਦਾ ਮਨ ਹੈ।ਉਸ ਲਈ ਵੀ ਸੰਸਾਰ ਵਿਚ ਘੁੰਮਣ ਫਿਰਨ, ਸੈਰ ਸਪਾਟਾ, ਮਾਇਆ ਰਾਹੀਂ ਕੀਤੀ ਖਰੀਦੋ ਫਰੋਕਤ ਕਰਨ ਤੋਂ ਇਲਾਵਾ ਹੋਰ ਕੋਈ ਸੰਸਾਰ ਨਹੀਂ ਹੈ ਕਿਉਂਕਿ ਮਨੁੱਖ ਦਾ ਮਨ ਵੀ ਇਸ ਸਮੇਂ ਡੱਡੂ ਵਾਲੀ ਅਵਸਥਾ ਵਿਚ ਹੈ।ਮਨੁੱਖ ਨੂੰ ਵਰਤਮਾਨ ਹਾਲਾਤਾਂ ਤੋਂ ਸਬਕ ਲੈਣ ਦੀ ਲੋੜ ਹੈ। ਹੁਣ ਤਾਂ ਵਿਗਿਆਨ ਨੇ ਵੀ ਮਨੁੱਖ ਨੂੰ ਸੁਚੇਤ ਕਰ ਦਿੱਤਾ ਹੈ ਕਿ ਜੇਕਰ ਹੁਣ ਅਸੀਂ ਆਪਣੀਆ ਆਦਤਾਂ ਨਾ ਸੁਧਾਰੀਆਂ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਪੱਲੇ ਸਿਰਫ ਪਛਤਾਵਾ ਹੀ ਰਹਿ ਜਾਵੇਗਾ।ਭਗਤ ਰਵਿਦਾਸ ਸਵੈ ਨੂੰ ਸੰਬੋਧਿਤ ਹੁੰਦੇ ਹੋਏ ਫਰਮਾਉਂਦੇ ਹਨ:-

ਕੂਪੁ ਭਰਿਓ ਜੈਸੇ ਦਾਦਿਰਾ, ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ,
ਕਛੁ ਆਰਾ ਪਾਰੁ ਨ ਸੂਝ॥8

ਸਵੈ ਵਿਵੇਕ ਰੱਖਣਾ ਹਰ ਇਕ ਲਈ ਜਰੂਰੀ ਹੈ ਜੇਕਰ ਮਨ ਅੰਦਰ ਵਿਵੇਕ ਨਹੀਂ ਹੈ ਤਾਂ ਮਨੁੱਖ ਦੇ ਪ੍ਰਸਥਿਤੀਆਂ ਤੋ ਹਾਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ।ਵਿਵੇਕ ਰਾਹੀਂ ਮਨੁੱਖ ਸਹੀ ਸਮੇਂ ਤੇ ਸਹੀ ਫੈਸਲਾ ਲੈ ਸਕਦਾ ਹੈ ਅਤੇ ਸਮੱਸਿਆ ਤੋਂ ਪਾਰ ਪਾ ਸਕਦਾ ਹੈ।ਪਰ ਵਿਵੇਕ ਹਰ ਕੋਈ ਹਾਸਲ ਨਹੀ ਕਰ ਸਕਦਾ ਜਿਸਦਾ ਇਸ਼ਾਰਾਸਾਨੂੰ ਰਵਿਦਾਸ ਬਾਣੀ ਵਿਚ ਮਿਲਦਾ ਹੈ।ਅਵਿਵੇਕ ਦਾ ਕਾਰਨ ਅਗਿਆਨਤਾ ਹੈ।ਹਿਰਨ, ਮੱਛੀ, ਭੌਰਾ, ਭੰਬਟ, ਹਾਥੀ ਦਾ ਕੇਵਲ ਇਕ ਇਕ ਐਬ ਹੋਣ ਕਾਰਨ ਨਾਸ਼ ਹੋ ਜਾਂਦਾ ਹੈ,ਪਰ ਮਨੁੱਖ ਵਿਚ ਇਹ ਸਾਰੇ ਵਿਕਾਰ ਹਨ।ਭਗਤ ਜੀ ਫਰਮਾਉਂਦੇ ਹਨ

"ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ॥1॥
ਮਾਧੋ ਅਬਿਦਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ॥1॥ਰਹਾਉ॥"9

ਕਰੋਨਾ ਬਿਮਾਰੀ ਦੇ ਤੇਜ਼ੀ ਨਾਲ ਫੈਲਣ ਪਿੱਛੇ ਵੀ ਅਗਿਆਨਤਾ ਹੀ ਕਾਰਨ ਬਣਦੀ ਦਿਖਾਈ ਦਿੰਦੀ ਹੈ।ਪਰਮਾਤਮਾ ਨੇ ਇਸ ਕੁਦਰਤ ਨੂੰ ਘੜ੍ਹਿਆ ਅਤੇ ਮਨੁੱਖ ਨੇ ਇਸ ਕੁਦਰਤ ਤੋਂ ਸਭਿਆਚਾਰ ਨੂੰ ਘੜ੍ਹਿਆ।ਜਦੋਂ ਮਨੁੱਖ ਸਹਜ ਚਲਦਾ ਹੈ ਤਾਂ ਨੁਕਸ ਨਹੀ ਪੈਦਾ ਹੁੰਦਾ, ਪਰ ਜਦੋਂ ਮਨੁੱਖ ਸਹਜ ਤੋੜਦਾ ਹੈ ਤਾਂ ਨੁਕਸ ਪੈਦਾ ਹੁੰਦਾ ਹੈ।ਵਰਤਮਾਨ ਪ੍ਰਸਥਿਤੀਆਂ ਜੇਕਰ ਮਨੁੱਖ ਦੇ ਖਿਲਾਫ ਹਨ ਤਾਂ ਇਸਦਾ ਜਿੰਮੇਵਾਰ ਵੀ ਉਹ ਖੁਦ ਹੀ ਹੈ।ਕੁਦਰਤ ਤੇ ਕਾਬਜ਼ ਹੋਣ ਦੀ ਜਿੱਦ ਨੇ ਉਸਨੂੰ ਇਸ ਪ੍ਰਸਥਿਤੀ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ।ਮਾਇਆ ਇਕੱਠੀ ਕਰਨ ਦੀ ਦੌੜ ਵਿਚ ਉਸ ਨੇ ਪ੍ਰਕਿਰਤੀ ਦੇ ਸਾਰੇ ਨਿਯਮਾਂ ਨੂੰ ਛਿੱਕੇ ਤੇ ਟੰਗ ਰੱਖਿਆ ਹੈ।ਅਸਲ ਵਿਚ ਮਨੁੱਖ ਨੇ ਹੋਣਾ ਤਾਂ ਮਿੱਟੀ ਹੀ ਹੈ, ਜੇਕਰ ਸਹਜ ਨਾਲ ਜੀਵਨ ਬਸਰ ਕੀਤਾ ਜਾ ਸਕਦਾ ਹੈ ਤਾਂ ਕਿਉਂ ਮਨੁੱਖ ਮਾਇਆ ਦੀ ਦੌੜ ਵਿਚ ਪ੍ਰਕਿਰਤੀ ਅਤੇ ਆਪਣਾ ਵਿਨਾਸ਼ ਕਰ ਰਿਹਾ ਹੈ।ਰਵਿਦਾਸ ਜੀ ਦੇ ਬੋਲ ਧਿਆਨ ਦੀ ਮੰਗ ਕਰਦੇ ਹਨ:

"ਮਾਟੀ ਕੋ ਪੁਤਰਾ, ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥1॥ ਰਹਾਉ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥"10

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਧਾਰਮਿਕ ਗ੍ਰੰਥ ਸਾਡੇ ਜੀਵਨ ਦੇ ਸੱਚੇ ਮਾਰਗ ਦਰਸ਼ਕ ਹਨ।ਪ੍ਰਸਥਿਤੀਆਂ ਭਾਵੇਂ ਜਿਹੋ-ਜਿਹੀਆਂ ਵੀ ਹੋਣ ਮਨੁੱਖ ਉਨ੍ਹਾਂ ਤੋ ਪਾਰ ਪਾ ਸਕਦਾ

ਹੈ।ਭਗਤਾਂ, ਗੁਰੂਆਂ, ਪੀਰਾਂ, ਪੈਗੰਬਰਾਂ ਨੇ ਸਖਤ ਘਾਲਣਾ ਘਾਲ ਕੇ ਅਤੇ ਔਖੇ ਪੈਂਡੇ ਲੰਘ ਕੇ ਮਨੁੱਖ ਨੂੰ ਸ਼ਬਦ ਦੀ ਓਟ ਨਾਲ ਜੋੜਿਆ ਹੈ।ਇਸ ਸਮੇਂ ਸਾਨੂੰ ਉਸ ਕੁਦਰਤ ਨੂੰ ਰਚਨ ਵਾਲੇ ਪ੍ਰਭੂ ਤੋਂ ਮਾਫੀ ਮੰਗਣੀ ਚਾਹੀਦੀ ਹੈ,ਕਿਉਂਕਿ ਲੋੜ ਤੋਂ ਵੱਧ ਕੀਤਾ ਵਿਕਾਸ ਹੀ ਅੱਜ ਵਿਨਾਸ਼ ਦਾ ਕਾਰਨ ਬਣਦਾ ਜਾਪਦਾ ਹੈ। ਪਰਮਾਤਮਾ ਬਖਸ਼ਣਹਾਰ ਹੈ ਆਸ ਤੇ ਹੀ ਜੀਵਨ ਨਿਰਭਰ ਹੈ ਸੋ ਭਵਿੱਖ ਦੀ ਚੰਗੀ ਆਸ ਲਈ ਸਾਨੂੰ ਗੁਰਬਾਣੀ ਦੇ ਸਹਜ ਨੂੰ ਅਪਣਾਉਣਾ ਚਾਹੀਦਾ ਹੈ। ਇਸਦੇ ਨਾਲ ਹੀ ਡਰ ਨਾਲ ਨਹੀਂ ਸਗੋਂ ਸੁਚੇਤ ਰਹਿ ਕੇ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਕਬੀਰ, ਪੰਨਾ-87
2. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ-137
3. ਦੋਹਾਕੋਸ਼(ਸੰਪਾ ਡਾ. ਰਾਹੁਲ ਸਾਕ੍ਰਿਤਿਆਨ), ਦੋਹਾਕੋਸ਼, ਪੰਨਾ-46
4. ਗੁਰੂ ਗ੍ਰੰਥ ਸਾਹਿਬ, ਪੰਨਾ-938
5. ਗੁਰੂ ਗ੍ਰੰਥ ਸਾਹਿਬ, ਪੰਨਾ-272
6.ਗੁਰੂ ਗ੍ਰੰਥ ਸਾਹਿਬ, ਪੰਨਾ-327
7. ਗੁਰੂ ਗ੍ਰੰਥ ਸਾਹਿਬ, ਪੰਨਾ-345
8. ਗੁਰੂ ਗ੍ਰੰਥ ਸਾਹਿਬ, ਪੰਨਾ-346
9. ਗੁਰੂ ਗ੍ਰੰਥ ਸਾਹਿਬ, ਪੰਨਾ-486
10. ਗੁਰੂ ਗ੍ਰੰਥ ਸਾਹਿਬ, ਪੰਨਾ-487